ਦਫਤਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ।

No/- 397 ਪਬਲਿਕ ਨੋਟਿਸ Dt- 15/3/24

ਇਸ ਪਬਲਿਕ ਨੋਟਿਸ ਰਾਹੀ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸੰਸਥਾ ਦੇ ਵਿਕਾਸ ਕਾਰਜ ਸ਼ੁਰੂ ਕਰਨ ਅਤੇ ਪਬਲਿਕ/ਮਰੀਜਾਂ ਦੇ ਹਿੱਤਾਂ ਦੇ ਸਨਮੁੱਖ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੀ ਹਦੂਦ ਵਿੱਚ **Construction of Advance Trauma Centre** ਦੀ ਸਾਈਟ ਵਿਚ ਆਉਂਦੇ 120 **ਰੁੱਖ** ਜਿੰਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ, ਖੁਲੀ ਬੋਲੀ ਰਾਹੀ ਨਿਲਾਮੀ ਕੀਤੀ ਜਾਣੀ ਹੈ।ਇਸ ਮੰਤਵ ਵਾਸਤੇ ਬੋਲੀ/ਨਿਲਾਮੀ ਨਿਮਨ ਹਸਤਾਖਰ ਦੇ ਦਫਤਰ ਵਿਖੇ ਆਕਸ਼ਨ ਕਮੇਟੀ ਦੀ ਪ੍ਰਧਾਨਗੀ ਹੇਠ **ਮਿਤੀ 20-03-2024 ਨੂੰ ਸਵੇਰੇ 11-00 ਵਜੇ** ਹੋਵੇਗੀ।ਜੇਕਰ ਇਸ ਮਿਤੀ ਨੂੰ ਅਚਾਨਕ ਕੋਈ ਸਰਕਾਰੀ ਛੁੱਟੀ ਘੋਸ਼ਿਤ ਹੁੰਦੀ ਹੈ ਤਾਂ ਉਸ ਸੂਰਤ ਵਿੱਚ ਬੋਲੀ ਅਗਲੇ ਕੰਮ ਵਾਲੇ ਦਿਨ ਨਿਸ਼ਚਿਤ ਸਮੇ ਤੇ ਹੋਵੇਗੀ।

ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ (ਹਰੇ ਖੜੇ)

| ਲੜੀ ਨੰ | ਕਿਸਮ | ਕੁੱਲ ਰੁੱਖ | ਘਣਫਲ |
|---|---|---|---|
| 1. | ਸ਼ੀਸਮ | 15 | 1.15 |
| 2. | ਧਰੇਕ | 32 | 9.10 |
| 3. | ਫੁੱਟਕਲ | 59 | 1.05 |
| | ਕੁੱਲ ਜੋੜ | 106 | 12.26 |

ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ (ਸੁੱਕੇ ਖੜੇ)

| ਲੜੀ ਨੰ | ਕਿਸਮ | ਕੁੱਲ ਰੁੱਖ | ਘਣਫਲ |
|---|---|---|---|
| 1. | ਸ਼ੀਸਮ | 12 | 0.90 |
| 2. | ਧਰੇਕ | 02 | 0.10 |
| | ਕੁੱਲ ਜੋੜ | 14 | 1.00 |

ਸ਼ਰਤਾਂ:-

1. ਬੋਲੀ ਵਿੱਚ ਹਿਸਾ ਲੈਣ ਵਾਲੇ ਵਿਅਕਤੀ, ਬੋਲੀ ਦੇ ਸ਼ੁਰੂ ਹੋਣ ਤੋਂ ਪਹਿਲਾਂ **6000/ਰੁਪਏ ਬਤੌਰ ਸਕਿਊਰਟੀ/Earnest Money**, ਕਿਸੇ ਵੀ ਰਾਸ਼ਟਰੀ ਬੈਂਕ ਦੇ ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਨਾਮ ਤੇ ਹੋਵੇ, ਦਫਤਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ,ਅੰਮ੍ਰਿਤਸਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣਗੇ ਤੇ ਨਾਲ ਹੀ ਆਪਣਾ ਆਧਾਰ ਅਤੇ ਪੈਨ ਕਾਰਡ ਦੀ ਤਸਦੀਕਸ਼ੁਦਾ ਕਾਪੀ ਵੀ ਜਮਾਂ ਕਰਾਉਣਗੇ।
2. ਸਾਰੇ ਦਰਖਤਾਂ ਦੀ ਬੋਲੀ ਇਕ ਹੀ ਲਾਟ ਵਿਚ ਕੀਤੀ ਜਾਵੇਗੀ।
3. ਸਭ ਤੋਂ ਵਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਵਲੋਂ ਬੋਲੀ ਖਤਮ ਹੋਣ ਉਪਰੰਤ **ਬੋਲੀ ਦੀ ਸਾਰੀ ਰਕਮ ਬੈਂਕ ਡਿਮਾਂਡ ਡਰਾਫਟ** ਦੇ ਰੂਪ ਵਿੱਚ **ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ** ਦੇ ਨਾਮ ਤੇ **ਮਿਤੀ 20-03-2024** ਨੂੰ ਸ਼ਾਮ 5:00 ਵਜੇ ਤੋਂ ਪਹਿਲਾਂ-ਪਹਿਲਾਂ ਦਫਤਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣੀ ਹੋਵੇਗੀ।
4. ਸਾਰੇ ਰੁੱਖ 02 ਹਫਤੇ ਦੇ ਅੰਦਰ-ਅੰਦਰ ਆਪਣੀ ਜਿੰਮੇਵਾਰੀ ਅਤੇ ਖਰਚੇ ਤੇ ਕਟਵਾਣੇ/ਚੁਕਣੇ ਹੋਣਗੇ।
5. ਜੇਕਰ ਪਹਿਲੇ ਸਫਲ ਬੋਲੀਕਾਰ ਵਲੋਂ ਨਿਸ਼ਚਿਤ ਮਿਤੀ ਅਤੇ ਸਮੇ ਤੱਕ ਬਾਕੀ ਰਹਿੰਦੀ ਰਕਮ ਜਮਾਂ ਨਹੀ ਕਰਵਾਈ ਜਾਵੇਗੀ ਤਾਂ ਉਸਦੀ ਬਤੌਰ ਸਕਿਊਰਟੀ ਲਈ ਗਈ ਰਕਮ ਜਬਤ ਕਰ ਲਈ ਜਾਵੇਗੀ ਅਤੇ ਇਹੀ ਬੋਲੀ ਦੂਸਰੇ ਸਫਲ ਬੋਲੀਕਾਰ ਦੇ ਹੱਕ ਵਿਚ ਪਾਸ ਕਰ ਦਿੱਤੀ ਜਾਵੇਗੀ।
6. ਜੇਕਰ ਬੋਲੀਕਾਰਾਂ ਨੇ ਬੋਲੀ ਦੀ ਮਿਤੀ/ਸਮੇ ਤੋਂ ਪਹਿਲਾਂ ਉਕਤ 65 ਰੁੱਖਾਂ ਦਾ ਮੁਆਇਨਾਂ/ਦੇਖਣੇ ਹੋਣ ਤਾਂ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇ ਦੌਰਾਨ ਵਿਕਾਸ ਸ਼ਾਖਾ (ਕਮਰਾ ਨੰ.11) ਦੇ ਸਟਾਫ ਨਾਲ ਸੰਪਰਕ ਕਰਕੇ ਦੇਖ ਸਕਦੇ ਹਨ।
7. ਇਸ ਮੰਤਵ ਵਾਸਤੇ, ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਕੋਲ, ਬਿਨਾ ਕੋਈ ਕਾਰਨ ਦਸੇ ਸ਼ਰਤਾਂ ਵਿਚ ਤਬਦੀਲੀ ਕਰਨ, ਬੋਲੀ ਮੁਲਤਵੀ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ, ਰਾਖਵੇਂ ਹੋਣਗੇ।
8. ਬੋਲੀ ਦੀ Reserve Amt./ਰਾਖਵੀ ਕੀਮਤ ਮੌਕੇ ਤੇ ਦੱਸੀ ਜਾਵੇਗੀ ਅਤੇ ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਡਾਇਰੈਕਟਰ ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ